**Media Release**

ਤੁਰੰਤ ਰਿਲੀਜ ਲਈ

# ਬ੍ਰੈਂਪਟਨ ਸਿਟੀ ਕਾਉਂਸਿਲ ਨੇ ਸਿਰਫ਼ ਖਿੜਕੀਆਂ ਵਿੱਚ ਇਲੈਕਸ਼ਨ ਸਾਈਨ ਬੋਰਡਾਂ ਨੂੰ ਲਗਾਉਣ ਦੀ ਇਜਾਜ਼ਤ ਦੇਣ ਲਈ ਸਾਈਨ ਬਾਇ-ਲਾਅ ਵਿੱਚ ਸੋਧ ਕੀਤਾ ਹੈ

ਬ੍ਰੈਂਪਟਨ, ਓਨਟੈਰੀਓ (30 ਨਵੰਬਰ, 2022) – ਕੱਲ੍ਹ ਦੀ ਆਪਣੀ ਖਾਸ ਮੀਟਿੰਗ ਵਿੱਚ, ਬ੍ਰੈਂਪਟਨ ਸਿਟੀ ਕਾਉਂਸਿਲ (Brampton City Council) ਨੇ ਸਾਰੀਆਂ ਭਵਿੱਖੀ ਚੋਣਾਂ ਵਾਸਤੇ, ਸਿਰਫ ਖਿੜਕੀਆਂ ਵਿੱਚ ਜਾਂ ਦਰਵਾਜਿਆਂ ਵਿਚਲੀਆਂ ਖਿੜਕੀਆਂ ਵਿੱਚ ਇਲੈਕਸ਼ਨ ਸਾਈਨ ਬੋਰਡਾਂ ਨੂੰ ਲਗਾਉਣ ਦੀ ਇਜਾਜ਼ਤ ਦੇਣ ਲਈ ਸਿਟੀ ਦੇ ਸਾਈਨ ਬਾਇ-ਲਾਅ (ਸਾਈਨ ਬੋਰਡਾਂ ਬਾਰੇ ਉਪ-ਕਨੂੰਨ) (Sign By-law) ਵਿੱਚ ਸੋਧ ਨੂੰ ਪ੍ਰਵਾਨਗੀ ਦਿੱਤੀ। ਇਹ ਸੋਧ, ਰਿਹਾਇਸ਼ੀ ਅਤੇ ਗੈਰ-ਰਿਹਾਇਸ਼ੀ ਜ਼ਮੀਨਾਂ ਸਮੇਤ, ਸਾਰੀ ਨਿੱਜੀ ਪ੍ਰਾਪਰਟੀ ਤੇ ਲਾਗੂ ਹੋਵੇਗਾ।

ਸਿਟੀ ਨੇ 2018, 2019 ਅਤੇ 2022 ਦੀਆਂ ਮਿਊਨਿਸਿਪਲ, ਪ੍ਰੋਵਿੰਸ਼ੀਅਲ ਅਤੇ ਫੈਡਰਲ ਚੋਣਾਂ ਸਮੇਤ, ਪਿਛਲੀਆਂ ਕਈ ਚੋਣਾਂ ਵਿੱਚ ਅਵੈਧ ਇਲੈਕਸ਼ਨ ਸਾਈਨ ਬੋਰਡਾਂ ਨਾਲ ਸਬੰਧਿਤ ਸ਼ਿਕਾਇਤਾਂ ਦੀ ਸੰਖਿਆ ਵਿੱਚ ਬਹੁਤ ਜ਼ਿਆਦਾ ਵਾਧਾ ਦੇਖਿਆ ਹੈ। ਸਿਟੀ ਦੇ ਸਾਈਨ ਬਾਇ-ਲਾਅ ਦੀ ਉਲੰਘਣਾ ਕਈ ਸਮੱਸਿਆਵਾਂ ਪੈਦਾ ਕਰਦੀ ਹੈ, ਖਾਸ ਕਰਕੇ ਟ੍ਰੈਫਿਕ ਸਬੰਧੀ ਖਤਰਿਆਂ ਅਤੇ ਖਿੱਲਰੀਆਂ ਵਸਤਾਂ ਦੇ ਸਬੰਧ ਵਿੱਚ। ਅਵੈਧ ਸਾਈਨ ਬੋਰਡ ਲਗਾਉਣ ਨਾਲ ਸਬੰਧਿਤ ਐਨਫੋਰਸਮੈਂਟ ਦਾ ਮਿਊਨਿਸਿਪਲ ਵਸੀਲਿਆਂ ਦੇ ਅਸਰ ਪਿਆ ਹੈ, ਇੱਕ ਅਵੈਧ ਮਿਊਨਿਸਿਪਲ ਇਲੈਕਸ਼ਨ ਸਾਈਨ ਬੋਰਡ ਦੀ ਜਾਂਚ ਅਤੇ ਮੁਕੱਦਮੇ ਦੀ ਔਸਤ ਲਾਗਤ, ਪ੍ਰਤੀ ਸਾਈਨ ਬੋਰਡ ਲਗਭਗ 125 ਡਾਲਰ ਤੋਂ 130 ਡਾਲਰ ਤੱਕ ਹੈ। ਸਿਟੀ ਦਾ ਸਟਾਫ, ਅਵੈਧ ਇਲੈਕਸ਼ਨ ਸਾਈਨ ਬੋਰਡਾਂ ਨਾਲ ਜੁੜੇ ਜੁਰਮਾਨਿਆਂ ਵਿੱਚ ਪ੍ਰਸਤਾਵਿਤ ਵਾਧੇ ਤੇ ਕਾਉਂਸਿਲ ਨੂੰ ਵਾਪਸ ਰਿਪੋਰਟ ਕਰੇਗਾ।

ਖਿੜਕੀਆਂ ਵਿੱਚ ਸਾਈਨ ਬੋਰਡਾਂ ਨੂੰ ਲਗਾਉਣਾ, ਨਿਵਾਸੀਆਂ ਨੂੰ ਕਿਸੇ ਵੀ ਉਮੀਦਵਾਰ ਜਾਂ ਤੀਜੀ ਧਿਰ ਲਈ ਉਹਨਾਂ ਦੀ ਹਿਮਾਇਤ ਪ੍ਰਗਟ ਕਰਨ ਦਾ ਵਿਕਲਪ ਪ੍ਰਦਾਨ ਕਰੇਗਾ, ਨਾਲ ਹੀ ਇਹ ਸਾਈਨ ਬੋਰਡਾਂ ਨਾਲ ਛੇੜਛਾੜ, ਅਵੈਧ ਬਦਲੀ, ਖਿੱਲਰੀਆਂ ਵਸਤਾਂ, ਡ੍ਰਾਈਵਰ ਦੇ ਧਿਆਨ-ਭੰਗ ਅਤੇ ਪਬਲਿਕ ਸੁਰੱਖਿਆ ਸਬੰਧੀ ਸਮੱਸਿਆਵਾਂ ਨੂੰ ਵੀ ਰੋਕੇਗੀ।

ਸਿਟੀ ਦੇ ਸਾਈਨ ਬਾਇ-ਲਾਅ ਬਾਰੇ ਇੱਥੇ (here) ਵਧੇਰੇ ਜਾਣਕਾਰੀ ਪ੍ਰਾਪਤ ਕਰੋ।

**ਹਵਾਲੇ**

"ਪਿਛਲੀਆਂ ਚੋਣਾਂ ਵਿੱਚ, ਸਿਟੀ ਨੇ ਅਵੈਧ ਇਲੈਕਸ਼ਨ ਸਾਈਨ ਬੋਰਡਾਂ ਨਾਲ ਸਬੰਧਿਤ ਸ਼ਿਕਾਇਤਾਂ ਦੀ ਸੰਖਿਆ ਵਿੱਚ ਬਹੁਤ ਜ਼ਿਆਦਾ ਵਾਧਾ ਦੇਖਿਆ ਹੈ ਅਤੇ ਇਹ ਸਾਈਨ ਬੋਰਡ, ਵਾਤਾਵਰਣ ਅਤੇ ਸਾਡੀ ਕਮਿਉਨਿਟੀ ਦੀ ਖੂਬਸੂਰਤੀ ਨਾਲ ਸਬੰਧਿਤ ਕਈ ਸਮੱਸਿਆਵਾਂ ਪੈਦਾ ਕਰਦੇ ਹਨ। ਸੰਸ਼ੋਧਿਤ ਸਾਈਨ ਬਾਇ-ਲਾਅ ਹੇਠ, ਨਿਵਾਸੀ ਖਿੜਕੀਆਂ ਵਿੱਚ ਇਲੈਕਸ਼ਨ ਸਾਈਨ ਬੋਰਡ ਲਗਾ ਕੇ ਲਗਾਤਾਰ, ਉਮੀਦਵਾਰਾਂ ਅਤੇ ਤੀਜੀਆਂ ਧਿਰਾਂ ਦੇ ਸਬੰਧ ਵਿੱਚ ਆਪਣੀ ਅਵਾਜ਼ ਚੁੱਕਣ ਯੋਗ ਹੋਣਗੇ, ਜੋ ਸਾਡੇ ਸ਼ਹਿਰ ਨੂੰ ਸੁਰੱਖਿਅਤ ਅਤੇ ਖੂਬਸੂਰਤ ਰੱਖਣ ਵਿੱਚ ਮਦਦ ਕਰੇਗਾ।"

- *ਪੈਟਰਿਕ ਬ੍ਰਾਊਨ (Patrick Brown), ਮੇਅਰ, ਸਿਟੀ ਆਫ ਬ੍ਰੈਂਪਟਨ*

"ਅਵੈਧ ਸਾਈਨ ਬੋਰਡ ਪਬਲਿਕ ਸੁਰੱਖਿਆ ਤੇ ਬਹੁਤ ਵੱਡਾ ਅਸਰ ਪਾ ਸਕਦੇ ਹਨ ਅਤੇ ਸਾਡੀ ਕਮਿਉਨਿਟੀ ਦੀ ਖੂਬਸੂਰਤੀ ਨੂੰ ਖਰਾਬ ਕਰ ਸਕਦੇ ਹਨ, ਨਾਲ ਹੀ ਇਹਨਾਂ ਨਾਲ ਮਿਊਨਿਸਿਪਲ ਵਸੀਲਿਆਂ ਤੇ ਭਾਰ ਪੈਂਦਾ ਹੈ। ਸਿਰਫ ਖਿੜਕੀਆਂ ਵਿੱਚ ਇਲੈਕਸ਼ਨ ਪੋਸਟਰਾਂ ਨੂੰ ਲਗਾਉਣ ਦੀ ਇਜਾਜ਼ਤ ਦੇਣ ਲਈ ਸਿਟੀ ਦੇ ਸਾਈਨ ਬਾਇ-ਲਾਅ ਵਿੱਚ ਸੋਧ ਕਰਕੇ, ਅਸੀਂ ਪਬਲਿਕ ਪ੍ਰਾਪਰਟੀ ਦੇ ਸਾਈਨ ਬੋਰਡਾਂ, ਵਾਧੂ ਸਾਈਨ ਬੋਰਡਾਂ, ਸਿਟੀ ਦੀ ਪ੍ਰਾਪਰਟੀ ਤੇ ਸਾਈਨ

ਬੋਰਡਾਂ ਅਤੇ ਚੋਣਾਂ ਤੋਂ ਬਾਅਦ 72 ਘੰਟਿਆਂ ਤੋਂ ਵੱਧ ਸਮੇਂ ਤੱਕ ਲੱਗੇ ਰਹਿਣ ਵਾਲੇ ਸਾਈਨ ਬੋਰਡਾਂ ਨੂੰ ਹਟਾ ਕੇ, ਸਾਡੇ ਸ਼ਹਿਰ ਨੂੰ ਸਾਫ-ਸੁਥਰਾ ਅਤੇ ਹਰਾ-ਭਰਾ ਰੱਖ ਸਕਦੇ ਹਾਂ।"

- *ਰੋਏਨਾ ਸੈਨਟੋਸ (Rowena Santos), ਰੀਜਨਲ ਕਾਊਂਸਲਰ, ਵਾਰਡਸ 1 ਅਤੇ 5; ਚੇਅਰ, ਲੈਜਿਸਲੇਟਿਵ ਸਰਵਿਸਿਜ, ਸਿਟੀ ਆਫ ਬ੍ਰੈਂਪਟਨ*

"ਮੈਂ ਸਾਡੇ ਨਿਵਾਸੀਆਂ ਦੁਬਾਰਾ ਆਖਣਾ ਚਾਹੁੰਦਾ ਹਾਂ ਕਿ ਇਹ ਸਿਟੀ ਦੇ ਸਾਈਨ ਬਾਇ-ਲਾਅ ਵਿੱਚ ਸੋਧ ਹੈ, ਪਾਬੰਦੀ ਨਹੀਂ। ਬਾਇ-ਲਾਅ ਵਿੱਚ ਸੋਧ ਹੋਣ ਨਾਲ, ਵਾਧੂ ਸਾਈਨ ਬੋਰਡ ਘਟਣਗੇ, ਅਵੈਧ ਸਾਈਨ ਬੋਰਡਾਂ ਨੂੰ ਹਟਾਉਣ ਨਾਲ ਵਸੀਲੇ ਬਚਣਗੇ, ਸਾਡੇ ਨਿਵਾਸੀਆਂ ਦੀ ਸੁਰੱਖਿਆ ਵਿੱਚ ਸੁਧਾਰ ਹੋਵੇਗਾ ਅਤੇ ਕਮਿਊਨਿਟੀ ਦੀ ਖ਼ੂਬਸੂਰਤੀ ਕਾਇਮ ਰਹੇਗੀ। ਅਸੀਂ ਇਹ ਯਕੀਨੀ ਬਣਾਉਣ ਲਈ ਨਿਵਾਸੀਆਂ ਦੀ ਲਗਾਤਾਰ ਵਚਨਬੱਧਤਾ ਲਈ ਉਹਨਾਂ ਦਾ ਧੰਨਵਾਦ ਕਰਦੇ ਹਾਂ ਕਿ ਬ੍ਰੈਂਪਟਨ ਸਿਹਤਮੰਦ, ਸੁਰੱਖਿਅਤ ਅਤੇ ਸਾਫ-ਸੁਥਰਾ ਰਹੇ।"

- *ਮਾਰਲੋਨ ਕੈਲੀਡੀਨ (Marlon Kallideen), ਚੀਫ ਐਡਮਿਨਿਸਟ੍ਰੇਟਿਵ ਅਫਸਰ, ਸਿਟੀ ਆਫ ਬ੍ਰੈਂਪਟਨ*

-30-

**ਕੈਨੇਡਾ ਵਿੱਚ ਸਭ ਤੋਂ ਵੱਧ ਤੇਜ਼ੀ ਨਾਲ ਵਧਣ ਵਾਲੇ ਸ਼ਹਿਰਾਂ ਵਿੱਚੋਂ ਇੱਕ ਦੇ ਤੌਰ ਤੇ, ਬ੍ਰੈਂਪਟਨ 700,000 ਲੋਕਾਂ ਅਤੇ 75,000 ਕਾਰੋਬਾਰੀਆਂ ਦਾ ਘਰ ਹੈ।** ਅਸੀਂ ਜੋ ਵੀ ਕਰਦੇ ਹਾਂ, ਲੋਕਾਂ ਨੂੰ ਧਿਆਨ ਵਿੱਚ ਰੱਖ ਕੇ ਕਰਦੇ ਹਾਂ। ਅਸੀਂ ਸਾਡੇ ਵੰਨ-ਸੁਵੰਨੇ ਭਾਈਚਾਰਿਆਂ ਤੋਂ ਸਰਗਰਮ ਹੁੰਦੇ ਹਾਂ, ਅਸੀਂ ਨਿਵੇਸ਼ ਨੂੰ ਆਕਰਸ਼ਿਤ ਕਰਦੇ ਹਾਂ ਅਤੇ ਅਸੀਂ ਤਕਨੀਕ ਅਤੇ ਵਾਤਾਵਰਣ ਸਬੰਧੀ ਨਵੀਨਤਾ ਨੂੰ ਅੱਗੇ ਵਧਾਉਣ ਦੇ ਸਫ਼ਰ ਤੇ ਹਾਂ। ਅਸੀਂ ਇੱਕ ਅਜਿਹਾ ਸਿਹਤਮੰਦ ਸ਼ਹਿਰ ਬਣਾਉਣ ਵਿੱਚ ਉੱਨਤੀ ਲਈ ਭਾਈਵਾਲੀ ਕਰਦੇ ਹਾਂ, ਜੋ ਸੁਰੱਖਿਅਤ, ਸਥਿਰ ਅਤੇ ਸਫਲ ਹੋਵੇ। ਸਾਡੇ ਨਾਲ Twitter, Facebook, ਅਤੇ Instagram ਤੇ ਜੁੜੋ। www.brampton.ca ਤੇ ਹੋਰ ਜਾਣੋ।

**ਮੀਡੀਆ ਸੰਪਰਕ**
ਸਿਟੀ ਆਫ ਬ੍ਰੈਂਪਟਨ ਮਲਟੀਕਲਚਰਲ ਮੀਡੀਆ
multiculturalmedia@brampton.ca